# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ
# ਬੀਮਾ ਅਥਾਰਟੀ (ਇਨਸ਼ੋਰੈਂਸ ਅਥਾਰਟੀ)

ਬੀਮਾ ਅਥਾਰਟੀ ("IA") ਦਾ ਮੁੱਖ ਕਾਰਜ ਬੀਮਾ ਉਦਯੋਗ ਨੂੰ ਵਿਵਸਥਤ ਕਰਨਾ ਅਤੇ ਬੀਮਾ ਉਦਯੋਗ ਦੀ ਸਧਾਰਣ ਸਥਿਰਤਾ ਨੂੰ ਉਤਸ਼ਾਹਤ ਕਰਨ ਅਤੇ ਮੌਜੂਦਾ ਅਤੇ ਸੰਭਾਵੀ ਨੀਤੀ ਧਾਰਕਾਂ ਦੀ ਰੱਖਿਆ ਲਈ, ਉਹਨਾਂ ਦੀ ਜਾਤ ਦੀ ਪਰਵਾਹ ਕੀਤੇ ਬਿਨਾਂ ਇਸਦੀ ਨਿਗਰਾਨੀ ਕਰਨਾ ਹੈ। IA ਨੇ ਨਸਲੀ ਬਰਾਬਰਤਾ ਨੂੰ ਉਤਸ਼ਾਹਿਤ ਕਰਨ ਲਈ ਹੇਠ ਦਿੱਤੇ ਉਪਾਅ ਕੀਤੇ / ਕਰਨ ਦੀ ਯੋਜਨਾ ਬਣਾਈ ਹੈ:

## A. ਪਬਲਿਕ ਦੇ ਮੈਂਬਰਾਂ ਨਾਲ ਪੇਸ਼ਕਾਰੀ

| | |
|---|---|
| ਸਬੰਧਿਤ ਸੇਵਾਵਾਂ | • ਸ਼ਿਕਾਇਤਾਂ ਅਤੇ ਪੁੱਛਗਿੱਛ ਨੂੰ ਸੰਭਾਲਣ ਲਈ ਨਸਲੀ ਬਰਾਬਤਾ ਨੂੰ ਯਕੀਨੀ ਬਣਾਉਣਾ । |
| ਮੌਜੂਦਾ ਉਪਾਅ | • ਸ਼ਿਕਾਇਤਕਰਤਾ ਪੁੱਛਗਿਛ ਕਰਨ ਵਾਲੇ ਅਤੇ / ਜਾਂ ਪਾਰਟੀਆਂ ਜਿਨ੍ਹਾਂ ਦੀ ਸ਼ਿਕਾਇਤ ਕੀਤੀ ਗਈ ਹੈ ਇਹਨਾਂ ਦੀ ਕਿਸੇ ਵੀ ਜਾਤ ਨਸਲ ਦੇ ਹੋਣ ਦੇ ਬਾਵਜੂਦ ਸਾਰੀਆਂ ਸ਼ਿਕਾਇਤਾਂ ਅਤੇ ਪੁੱਛਗਿੱਛ ਨਿਰਪੱਖਤਾ ਨਾਲ ਨਿਪਟਾਈਆਂ ਜਾਂਦੀਆਂ ਹਨ ।<br>• ਵੱਖ ਵੱਖ ਨਸਲਾਂ ਦੇ ਸੇਵਾ ਉਪਭੋਗਤਾਵਾਂ ਦੁਆਰਾ ਬੋਲੀ ਜਾਣ ਵਾਲੀਆਂ ਭਾਸ਼ਾਵਾਂ ਦੀ ਪਛਾਣ ਕਰਨ ਦੇ ਯਤਨ ਵਿੱਚ ਕਿਰਿਆਸ਼ੀਲ ਉਪਾਅ ਲਾਗੂ ਹਨ ।<br>• ਜੇ ਸ਼ਿਕਾਇਤ / ਪੁੱਛਗਿੱਛ ਬਰਾਬਰ ਮੌਕਿਆਂ ਨਾਲ ਸਬੰਧਤ ਹੈ, ਤਾਂ IA ਇਸ ਕੇਸ ਨੂੰ ਸੰਭਾਲਣ ਲਈ ਬਰਾਬਰ ਮੌਕੇ ਕਮਿਸ਼ਨ ਨੂੰ ਭੇਜ ਦੇਵੇਗਾ । |
| ਭਵਿੱਖ ਦੇ ਕੰਮ ਦਾ ਮੁਲਾਂਕਣ | • IA ਸਮੇਂ ਸਮੇਂ ਤੇ ਆਪਣੀਆਂ ਸੇਵਾਵਾਂ ਦੀ ਸਮੀਖਿਆ ਕਰੇਗਾ ਅਤੇ ਉਚਿਤ ਤੌਰ ਤੇ ਸੁਧਾਰ ਕਰੇਗਾ । |
| ਕੀਤੇ ਜਾਣ ਵਾਲੇ ਉਪਾਅ | • IA ਉਹਨਾਂ ਸ਼ਿਕਾਇਤਾਂ ਅਤੇ ਪੁੱਛਗਿਛ ਕਰਨ ਵਾਲਿਆਂ ਲਈ ਤੀਜੀ ਧਿਰ ਦੁਆਰਾ ਮੁਹੱਈਆ ਕਰਵਾਈ ਗਈ ਮੁਫਤ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਕਰੇਗਾ ਜੋ ਕਿ ਆਹਮਣੇ ਸ਼ਾਹਮਣੇ ਮੁਲਾਕਾਤ ਅਤੇ ਟੈਲੀਫੋਨ ਗੱਲਬਾਤ ਦੌਰਾਨ ਨਾ ਤਾਂ ਅੰਗਰੇਜ਼ੀ ਅਤੇ ਚੀਨੀ ਨਾ ਬੋਲਦੇ ਹਨ ਹੈ ।<br>• ਇੱਕ ਭਾਸ਼ਾ ਸ਼ਨਾਖਤੀ ਕਾਰਡ (ਅੱਠ ਭਾਸ਼ਾਵਾਂ ਵਿੱਚ[1]) ਸ਼ਿਕਾਇਤਕਰਤਾਵਾਂ ਅਤੇ ਜਾਣਕਾਰੀ ਪ੍ਰਾਪਤ ਕਰਨ ਵਾਲਿਆਂ ਲਈ ਜੋ ਅੰਗਰੇਜ਼ੀ ਜਾਂ ਚੀਨੀ ਨਹੀਂ ਬੋਲਦੇ ਉਹਨਾਂ ਨੂੰ ਮੁਫਤ ਵਿਆਖਿਆ ਸੇਵਾਵਾਂ ਦੀ ਉਪਲਬਧਤਾ ਬਾਰੇ ਸੂਚਿਤ ਕਰਨ ਲਈ ਪ੍ਰਦਰਸ਼ਿਤ ਕੀਤਾ ਜਾਵੇਗਾ। |

[1] ਅੱਠ ਭਾਸ਼ਾਵਾਂ ਬਹਾਸਾ ਇੰਡੋਨੇਸ਼ੀਆ, ਹਿੰਦੀ , ਨੇਪਾਲੀ, ਤਗਾਲੋਗ, ਥਾਈ ਅਤੇ ਉਰਦੂ, ਵੀਅਤਨਾਮੀ ਅਤੇ ਪੰਜਾਬੀ ਨੂੰ ਦਰਸਾਉਂਦੀਆਂ ਹਨ ।

## B. ਸਟਾਫ ਦੀ ਸਿਖਲਾਈ

| | |
|---|---|
| ਸਬੰਧਿਤ ਸੇਵਾਵਾਂ | • ਸਟਾਫ ਦੀ ਜਾਗਰੂਕਤਾ ਅਤੇ ਨਸਲੀ ਮੁੱਦਿਆਂ ਨਾਲ ਸਬੰਧਤ ਸੰਵੇਦਨਸ਼ੀਲਤਾ ਅਤੇ ਨਸਲੀ ਬਰਾਬਰਤਾ 'ਤੇ ਸੰਕਲਪ ਦੀ ਉਨ੍ਹਾਂ ਦੀ ਸਮਝ ਨੂੰ ਵਧਾਉਣਾ। |
| ਮੌਜੂਦਾ ਉਪਾਅ | • ਸਾਰੇ ਸਟਾਫ ਨੂੰ ਨਸਲੀ ਵਿਤਕਰਾ ਆਰਡੀਨੈਂਸ ਅਤੇ ਨਸਲੀ ਬਰਾਬਰਤਾ ਸੰਬੰਧੀ ਸਬੰਧਤ ਦਿਸ਼ਾ-ਨਿਰਦੇਸ਼ਾਂ ਦੀ ਸਮੱਗਰੀ 'ਤੇ ਸਿਖਲਾਈ ਦਿੱਤੀ ਜਾਂਦੀ ਹੈ।<br>• ਸਮੇਂ ਸਮੇਂ ਤੇ ਨਸਲੀ ਭਿੰਨਤਾ ਅਤੇ ਸ਼ਮੂਲੀਅਤ ਬਾਰੇ ਸਟਾਫ ਦੀ ਜਾਗਰੂਕਤਾ ਵਧਾਉਣ ਲਈ ਵਰਕਸ਼ਾਪਾਂ, ਸੈਮੀਨਾਰਾਂ ਅਤੇ ਤਜ਼ਰਬੇ ਨੂੰ ਸਾਂਝਾ ਕਰਨ ਵਾਲੇ ਸੈਸ਼ਨ ਅਤੇ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ ਵਾਲੀਆਂ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। |
| ਭਵਿੱਖ ਦੇ ਕੰਮ ਦਾ ਮੁਲਾਂਕਣ | • IA ਜਾਣਕਾਰੀ ਪ੍ਰਾਪਤ ਕਰਨ ਵਾਲਿਆਂ ਅਤੇ / ਜਾਂ ਸ਼ਿਕਾਇਤਕਰਤਾਵਾਂ ਤੋਂ ਪ੍ਰਾਪਤ ਫੀਡਬੈਕ ਅਤੇ ਸੁਝਾਵਾਂ ਨੂੰ ਇਕੱਤਰ ਕਰੇਗਾ ਅਤੇ ਵਿਸ਼ਲੇਸ਼ਣ ਕਰੇਗਾ ਤਾਂ ਜੋ ਸਟਾਫ ਲਈ ਢੁੱਕਵੇਂ ਸਿਖਲਾਈ ਕੋਰਸਾਂ ਦਾ ਪ੍ਰਬੰਧ ਕੀਤਾ ਜਾ ਸਕੇ। |
| ਕੀਤੇ ਜਾਣ ਵਾਲੇ ਉਪਾਅ | • IA ਹੋਰ ਸਰਕਾਰੀ ਵਿਭਾਗਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਸਬੰਧਤ ਸੰਸਥਾਵਾਂ ਨਾਲ ਨਸਲੀ ਬਰਾਬਰਤਾ ਅਤੇ ਸਟਾਫ ਨੂੰ ਸ਼ਾਮਲ ਕਰਨ 'ਤੇ ਢੁੱਕਵੀਂ ਸਿਖਲਾਈ ਅਤੇ ਗਤੀਵਿਧੀਆਂ ਦਾ ਪ੍ਰਬੰਧ ਜਾਰੀ ਰੱਖਣ ਲਈ ਸੰਪਰਕ ਕਰੇਗਾ। |

## C. ਜਨਤਕ ਪੁੱਛਗਿੱਛ / ਸ਼ਿਕਾਇਤਾਂ

**ਆਮ ਪੁੱਛਗਿੱਛ** –

ਟੈਲੀਫੋਨ ਨੰ.: (852) 3899 9983
ਫੈਕਸ ਨੰ.: (852) 3899 9993
ਈਮੇਲ: enquiry@ia.org.hk

**ਸ਼ਿਕਾਇਤਾਂ**–

ਮਾਰਕੀਟ ਕੰਡਕਟ ਡਵੀਜ਼ਨ
ਈਮੇਲ: complaints@ia.org.hk

**ਬੀਮਾ ਅਥਾਰਟੀ**

**ਮਈ 2025**